# ਜੋ ਭਾਣੇ ਸੇ ਮੇਲਿਆ

## ਸਾਧ ਸੰਗਤਿ ਬਿਨੁ ਭ੍ਰਮਿ ਮੁਈ ਕਰਤੀ ਕਰਮ ਅਨੇਕ॥

ਇਹ ਸਤਰਾਂ, ਸ੍ਰੀ ਗੁਰੂ ਅਰਜਨ ਸਾਹਿਬ ਦਾ, ਰਾਮਕਲੀ ਰਾਗ ਵਿਚ ਉਚਾਰਣ ਕੀਤੇ 'ਰੁਤੀ' ਸਿਰਲੇਖ ਹੇਠ ਛੰਤਾਂ ਵਿਚੋਂ, ਤੀਜੇ ਛੰਤ ਦੇ ਸਲੋਕ ਹਨ। ਇਹ ਪੰਨਾ ੯੨੭ ਤੇ ਸੁਭਾਇਮਾਨ ਹਨ। ਜਿਵੇਂ ਗੁਰੂ ਸਾਹਿਬ ਨੇ, ਬਾਰ੍ਹਾਂ ਮਹੀਨਿਆਂ, ਪੰਦਰਾਂ ਥਿਤਾਂ ਰਾਹੀਂ ਉਪਦੇਸ਼ ਕੀਤਾ ਹੈ, ਇਸੇ ਤਰ੍ਹਾਂ ਇਸ ਬਾਣੀ ਵਿਚ ਛੇ ਰੁੱਤਾਂ ਦਾ ਵਰਣਨ ਕੀਤਾ ਹੈ। ਪਰ ਇਥੇ ਮੰਗਲਾਚਰਣ ਵਾਲਾ ਸਲੋਕ ਹੀ ਲਿਆ ਗਿਆ ਹੈ ਜੋ ਪ੍ਰਭੂ ਦੀ ਉਸਤਤਿ ਵਿਚ ਹੈ।

-- ਸ੍ਰੀ ਗੁਰੂ ਅਰਜਨ ਸਾਹਿਬ ਬਚਨ ਕਰ ਰਹੇ ਹਨ ਕਿ ਸਾਰੀ ਸ੍ਰਿਸ਼ਟੀ ਅਨੇਕ ਤਰ੍ਹਾਂ ਦੇ, ਬੇ-ਅਰਥ, ਫੋਕਟ ਧਾਰਮਕ ਕਰਮਾਂ ਵਿਚ ਫ਼ਸੀ ਹੋਈ ਹੈ ਅਤੇ ਭਗਤ ਜਨਾਂ, ਸਾਧੂ ਜਨਾਂ ਦੀ ਸੰਗਤਿ ਤੋਂ ਵਿਹੂਣੀ, ਅਸਲ ਧਰਮ ਨੂੰ ਸਮਝਣ ਤੋਂ ਅਸਮਰੱਥ, ਭਰਮਾਂ ਵਿਚ ਫ਼ਸੀ ਮਰ ਰਹੀ ਹੈ, ਖ਼ੁਆਰ ਹੋ ਰਹੀ ਹੈ। ਗ਼ਲਤ ਕਰਮਾਂ ਨੂੰ, ਧਰਮ ਸਮਝ ਰਹੀ ਹੈ, ਭਾਵ, ਭਰਮ ਵਿਚ ਹੈ। ਭਗਤ ਜਨਾਂ ਦੀ ਸੰਗਤਿ ਤੋਂ ਬਿਨਾਂ ਅਸਲ ਧਰਮ ਦੀ ਸਮਝ ਨਹੀਂ ਪੈਂਦੀ।

ਪਾਤਸ਼ਾਹ, ਪੰਨਾ ੮੦੪ ਤੇ ਫ਼ੁਰਮਾਣ ਕਰ ਰਹੇ ਹਨ ਕਿ ਭਗਤ ਜਾਂ ਸਾਧੂ ਹੀ ਮਨੁਖ ਨੂੰ ਸਹੀ ਧਰਮ ਤੋਂ ਜਾਣੂ ਕਰਵਾਉਂਦਾ ਹੈ ਅਤੇ ਧਰਮ ਦੇ ਮਾਰਗ ਤੇ ਤੋਰਦਾ ਹੈ। ਮਹਾਤਮਾ ਦੀ ਸੰਗਤਿ ਤੋਂ ਵਿਹੂਣਾ ਮਨੁਖ, ਧਰਮ ਨੂੰ ਸਮਝਣ ਦੀ ਸਮਰੱਥਾ ਨਹੀਂ ਰਖਦਾ ਅਤੇ ਨਾਮ ਦੇ ਮਾਰਗ ਤੇ ਨਹੀਂ ਚਲ ਸਕਦਾ। ਜਿਹੜੇ ਕੰਮਾਂ ਨੂੰ ਉਹ ਧਰਮ ਦੇ ਮੰਨ ਕੇ ਕਰੀ ਜਾਂਦਾ ਹੈ ਉਹ ਤਾਂ ਸਿਰਫ਼, ਲੋਕਾਂ ਦੀ ਵਡਿਆਈ ਪਾਉਣ ਲਈ ਹੀ ਹੁੰਦੇ ਹਨ। ਸਾਧੂ ਜਨਾਂ ਦੇ ਚਰਣਾਂ ਦੀ ਧੂੜ ਪ੍ਰਾਪਤ ਹੋਣ ਤੇ ਹੀ ਮਨੁਖ ਨੂੰ ਸਹੀ ਧਰਮ ਦੀ ਸਮਝ ਪੈਂਦੀ ਹੈ, ਜਿਸ ਦੇ ਦਰਸਾਏ ਮਾਰਗ ਤੇ ਚਲ ਕੇ ਉਸ ਦਾ ਉਧਾਰ ਹੋ ਜਾਂਦਾ ਹੈ - 'ਅਵਰਿ ਕਰਮ ਸਭਿ ਲੋਕਾਚਾਰ॥ ਮਿਲਿ ਸਾਧੂ ਸੰਗਿ ਹੋਇ ਉਧਾਰ॥ ਜਨ ਨਾਨਕ ਕਉ ਪ੍ਰਭ ਕਿਰਪਾ ਕਰੀਐ॥ ਸਾਧੂ ਧੂਰਿ ਮਿਲੈ ਨਿਸਤਰੀਐ॥' ਅਤੇ - 'ਮੈ ਦਸਿਹੁ ਮਾਰਗੁ ਸੰਤਹੋ ਕਿਉ ਪ੍ਰਭੂ ਮਿਲਾਈਆ॥', ਅੰਕ ੧੦੯੮. ਸੰਤ ਜਨਾਂ ਦਾ ਮਾਰਗ ਦਸਣਾ ਵਡੇ ਭਾਗਾਂ ਨਾਲ ਕਿਸੇ ਵਿਰਲੇ ਨੂੰ ਹੀ ਲਭਦਾ ਹੈ - 'ਸੰਤ ਕਾ ਮਾਰਗੁ ਧਰਮ ਕੀ ਪਉੜੀ ਕੋ ਵਡਭਾਗੀ ਪਾਏ॥', ਅੰਕ ੬੨੨.

## ਕੋਮਲ ਬੰਧਨ ਬਾਧੀਆ ਨਾਨਕ ਕਰਮਹਿ ਲੇਖ॥੧॥

-- ਪੰਜਵੇਂ ਨਾਨਕ ਦਾ ਫ਼ੁਰਮਾਣ ਹੈ ਕਿ ਸਾਰੀ ਸ੍ਰਿਸ਼ਟੀ ਆਪਣੇ ਕਰਮਾਂ ਦੇ ਲਿਖੇ ਹੋਏ ਲੇਖਾਂ ਕਰ ਕੇ, ਇਸਤਰੀ, ਪੁਤਰ, ਧਨ ਦੌਲਤ ਆਦਿ ਦੇ ਮੋਹ ਰੂਪ ਕੋਮਲ ਬੰਧਨਾਂ ਵਿਚ ਬੰਨ੍ਹੀ ਹੋਈ ਹੈ।੧।

ਸ੍ਰੀ ਗੁਰੂ ਅਮਰਦਾਸ ਸਾਹਿਬ ਦੇ ਵਾਕ ਹਨ ਕਿ ਪੂਰਬਲੇ ਕਰਮਾਂ, ਸੰਸਕਾਰਾਂ ਕਰਕੇ ਸਭ ਜੀਵ ਬੰਧਨ ਵਿਚ ਹਨ, ਪਾਪ ਪੁੰਨ ਦੇ ਸੰਬੰਧ ਬਣੇ ਰਹਿੰਦੇ ਹਨ, ਪੁਤਰ ਇਸਤਰੀ ਆਦਿ ਦੇ ਮੋਹ ਵਿਚ ਫ਼ਸੇ ਰਹਿੰਦੇ ਹਨ, ਜਿਥੇ ਵੇਖੋ, ਇਸੇ ਮਾਇਆ ਦੇ ਜੰਜਾਲ ਹਨ। ਵਾਹਗੁਰੂ ਦੇ ਸਚੇ ਨਾਮ ਨੂੰ ਜਪੇ ਬਿਨਾਂ, ਅੰਨ੍ਹਾਂ ਮਨੁਖ ਇਨ੍ਹਾਂ ਸਾਰਿਆਂ ਦਾ ਵਰਤਣ ਕਰੀ ਜਾਂਦਾ ਹੈ, ਜੋ ਹੋਰ ਅੰਧਕਾਰ

ਵਿਚ ਲੈ ਜਾਂਦਾ ਹੈ - 'ਕਰਮ ਧਰਮ ਸਭਿ ਬੰਧਨਾ ਪਾਪ ਪੁੰਨ ਸਨਬੰਧੁ॥ ਮਮਤਾ ਮੋਹੁ ਸੁ ਬੰਧਨਾ ਪੁਤ੍ਰ ਕਲਤ੍ਰ ਸੁ ਧੰਧੁ॥ ਜਹ ਦੇਖਾ ਤਹ ਜੇਵਰੀ ਮਾਇਆ ਕਾ ਸਨਬੰਧੁ॥ ਨਾਨਕ ਸਚੇ ਨਾਮ ਬਿਨੁ ਵਰਤਣਿ ਵਰਤੈ ਅੰਧੁ॥', ਪੰਨਾ ੫੫੧. ਪਾਤਸ਼ਾਹ ਨੇ ਇਹ ਵਰਤਾਰਾ ਵਿਸਤਾਰ ਨਾਲ ਇੰਞ ਸਮਝਾਇਆ ਹੈ : ਇਸਤਰੀ, ਪੁਤਰ, ਮਾਪੇ, ਦੌਲਤ ਆਦਿ ਦੇ ਮਾਇਆ ਮੋਹ, ਇਹ ਸਭ ਸ਼ੁਦਾਈਪੁਣਾ ਜਾਂ ਪਾਗਲਪਨ ਹਨ ਜੋ ਪ੍ਰਭੂ ਨੂੰ ਛੱਡ ਦੂਜੇ ਨਾਲ ਪ੍ਰੇਮ ਪੈਦਾ ਕਰਦੇ ਹਨ, ਜਿਸ ਕਾਰਣ ਸਭ ਜੱਗ ਖੁਆਰ ਹੋ ਰਿਹਾ ਹੈ - 'ਮਾਇਆ ਮੋਹੁ ਸਭੁ ਬਰਲੁ ਹੈ ਦੂਜੈ ਭਾਇ ਖੁਆਈ ਰਾਮ॥' ਅਗੋਂ ਫੁਰਮਾਣ ਕਰਦੇ ਹਨ ਕਿ ਇਹ ਮਾਤਾ ਪਿਤਾ ਆਦਿ ਸਭ ਦਾ ਮੋਹ ਪਿਆਰ ਵੀ ਸਭ ਨੂੰ ਉਲਝਾਈ ਫ਼ਿਰਦਾ ਹੈ - 'ਮਾਤਾ ਪਿਤਾ ਸਭੁ ਹੇਤੁ ਹੈ ਹੇਤੇ ਪਲਚਾਈ ਰਾਮ॥' ਇਸੇ 'ਹੇਤੁ' ਮੋਹ ਨੇ ਪੂਰਬਲੇ ਮਾੜੇ ਕਰਮਾਂ ਕਰਕੇ ਸਭ ਨੂੰ ਉਲਝਾਇਆ ਹੋਇਆ ਹੈ ਜਿਸ ਨੂੰ ਸਾਧਾਰਣ ਮਨੁਖ ਮਿਟਾ ਨਹੀਂ ਸਕਦਾ। ਇਹ ਸਭ ਵਰਤਾਰਾ ਸ੍ਰਿਸ਼ਟੀ ਦੇ ਸਾਜਨਹਾਰ ਦਾ ਕੀਤਾ ਹੋਇਆ ਹੈ, ਜਿਸ ਨੂੰ ਉਹ ਆਪ ਹੀ ਵੇਖ ਰਿਹਾ ਹੈ, ਉਸ ਪ੍ਰਭੂ ਵਰਗਾ ਹੋਰ ਕੋਈ ਨਹੀਂ - 'ਹੇਤੇ ਪਲਚਾਈ ਪੁਰਬਿ ਕਮਾਈ ਮੇਟਿ ਨ ਸਕੈ ਕੋਈ॥ ਜਿਨਿ ਸ੍ਰਿਸਟਿ ਸਾਜੀ ਸੋ ਕਰਿ ਵੇਖੈ ਤਿਸੁ ਜੇਵਡੁ ਅਵਰੁ ਨ ਕੋਈ॥' ਇਸ ਸ਼ੁਦਾਈਪੁਣੇ ਨੂੰ ਦਸ ਕੇ ਅਗੋਂ ਫੁਰਮਾਣ ਕਰਦੇ ਹਨ ਕਿ ਆਪਣੇ ਮਨ ਦੀਆਂ ਮਰਜ਼ੀਆਂ ਪਿਛੇ ਚਲਣ ਵਾਲਾ ਅੰਨ੍ਹਾਂ ਮਨੁਖ ਇਸੇ ਵਿਚ ਹੀ ਸੜ ਸੜ ਕੇ ਖੁਆਰ ਹੋ ਰਿਹਾ ਹੈ ਅਤੇ ਬਿਨਾਂ ਗੁਰੂ ਦੇ ਬਖਸ਼ੇ 'ਸਬਦ', ਭਾਵ, ਗੁਰਮੰਤਰ ਦੇ ਜਾਪ ਸਿਮਰਨ ਤੋਂ ਬਿਨਾਂ ਮਨ ਨੂੰ ਸ਼ਾਂਤੀ ਨਹੀਂ ਮਿਲਦੀ। ਪਾਤਸ਼ਾਹ ਤੱਤ ਦਸਦੇ ਹਨ ਕਿ ਵਾਹਗੁਰੂ ਦੇ ਨਾਮ ਨੂੰ ਜਪੇ ਬਿਨਾਂ ਹਰ ਕੋਈ ਭੁਲੜ ਹੈ, ਖੁੰਝਿਆ ਹੋਇਆ ਹੈ ਇਨ੍ਹਾਂ ਮਾਇਆ ਦੇ ਵਖ ਵਖ ਰੂਪਾਂ ਦੇ ਮੋਹ ਜੰਜਾਲ ਵਿਚ ਖੁਆਰ ਹੋ ਰਿਹਾ ਹੈ - 'ਮਨਮੁਖਿ ਅੰਧਾ ਤਪਿ ਤਪਿ ਖਪੈ ਬਿਨੁ ਸਬਦੈ ਸਾਂਤਿ ਨ ਆਈ॥ ਨਾਨਕ ਬਿਨੁ ਨਾਵੈ ਸਭੁ ਕੋਈ ਭੁਲਾ ਮਾਇਆ ਮੋਹਿ ਖੁਆਈ॥', ਅੰਕ ੫੭੧.

### ਜੋ ਭਾਣੇ ਸੇ ਮੇਲਿਆ ਵਿਛੋੜੇ ਭੀ ਆਪਿ॥

-- ਇਸ ਸ੍ਰਿਸ਼ਟੀ ਵਿਚੋਂ ਜਿਹੜੇ ਮਨੁਖ, ਵਾਹਗੁਰੂ ਨੂੰ ਭਾਅ ਜਾਂਦੇ ਹਨ, ਉਨ੍ਹਾਂ ਨੂੰ ਉਹ ਆਪਣੇ ਨਾਲ ਮੇਲ ਲੈਂਦਾ ਹੈ ਅਤੇ ਦੂਜਿਆਂ ਨੂੰ ਆਪਣੇ ਤੋਂ ਵਿਛੋੜਦਾ ਵੀ ਆਪ ਹੀ ਹੈ।

ਪੰਜਵੇਂ ਪਾਤਸ਼ਾਹ ਫੁਰਮਾਣ ਕਰਦੇ ਹਨ ਕਿ ਇਸ ਗਲ ਦਾ ਨਹੀਂ ਪਤਾ ਲਗ ਸਕਦਾ ਕਿ ਜਿਹੜੇ ਉਸ ਨੂੰ ਭਾਅ ਗਏ ਉਹ ਕਿਉਂ ਭਾਅ ਗਏ। ਇਹ ਉਸ ਦੀ ਮੌਜ ਹੈ। ਉਹ ਕੋਈ ਉਚੀ ਕੁਲ ਨਹੀਂ ਵੇਖਦਾ, ਸੋਭਾ ਨਹੀਂ ਵੇਖਦਾ, ਬਸ ਮੇਲ ਲੈਂਦਾ ਹੈ। ਜਿਹੜੀ ਜੀਵ ਰੂਪੀ ਇਸਤਰੀ, ਜਿਤਨੀ ਮਰਜ਼ੀ ਗਰੀਬ ਨਿਮਾਣੀ ਹੋਵੇ, ਜੋ ਭਾਅ ਗਈ ਉਸ ਨੂੰ ਪਕੜ ਕੇ ਆਪਣੀ ਰਾਣੀ, ਭਾਵ ਆਪਣਾ ਭਗਤ ਬਣਾ ਲੈਂਦਾ ਹੈ ਅਤੇ ਆਪਣੇ ਵਿਚ ਸਮਾ ਲੈਂਦਾ ਹੈ, ਜੀਵ ਨੂੰ ਪਤਾ ਹੀ ਨਹੀਂ ਹੁੰਦਾ ਕਿ ਉਸ ਨੂੰ ਉਸ ਨਿਮਾਣੀ ਦਾ ਕਿਹੜਾ ਕੰਮ ਭਾਅ ਗਿਆ - 'ਨਾ ਮੈ ਕੁਲੁ ਨਾ ਸੋਭਾਵੰਤ॥ ਕਿਆ ਜਾਨਾ ਕਿਉ ਭਾਨੀ ਕੰਤ॥ ਮੋਹਿ ਅਨਾਥ ਗਰੀਬ ਨਿਮਾਨੀ॥ ਕੰਤ ਪਕਰਿ ਹਮ ਕੀਨੀ ਰਾਨੀ॥', ਪੰਨਾ ੩੯੪. ਉਸ ਦੇ ਭਾਣੇ ਅੰਦਰ ਹੀ ਕੋਈ ਉਸ ਦੇ ਰਾਹ ਤੇ ਪੈਂਦਾ ਹੈ ਅਤੇ ਉਸ ਦੇ ਭਾਣੇ ਅੰਦਰ ਹੀ ਕੋਈ ਭਟਕਿਆ ਰਹਿੰਦਾ ਹੈ, ਭਾਣੇ ਅੰਦਰ ਹੀ ਕੋਈ ਗੁਰੂ ਦੇ ਚਰਣੀਂ ਲਗ ਕੇ ਸਿਮਰਣ ਕਰ ਲੈਂਦਾ ਹੈ, ਭਾਣੇ ਵਿਚ ਹੀ ਭਰਮ ਵਿਚ ਪੈ ਕੇ ਜੂਨੀਆਂ ਵਿਚ

ਪਈ ਜਾਂਦਾ ਹੈ, ਇਹ ਸਭ ਕੁਝ ਉਸ ਦੀ ਰਜ਼ਾ ਅੰਦਰ ਹੁੰਦਾ ਹੈ - 'ਭਾਣੈ ਉਝੜ ਭਾਣੈ ਰਾਹਾ॥ ਭਾਣੈ ਹਰਿ ਗੁਣ ਗੁਰਮੁਖਿ ਗਾਵਾਹਾ॥ ਭਾਣੈ ਭਰਮਿ ਭਵੈ ਬਹੁ ਜੂਨੀ ਸਭ ਕਿਛੁ ਤਿਸੈ ਰਜਾਈ ਜੀਉ॥', ਪੰਨਾ ੯੮.

ਸ੍ਰੀ ਗੁਰੂ ਰਾਮਦਾਸ ਸਾਹਿਬ, ਪੰਨਾ ੩੦੬ ਤੇ ਫ਼ੁਰਮਾਣ ਕਰਦੇ ਹਨ ਕਿ ਪ੍ਰਭੂ ਨੂੰ ਸਿਮਰਣ ਵਾਲੇ ਤਾਂ ਬਹੁਤ ਹਨ ਪਰ ਉਨ੍ਹਾਂ ਦੀ ਘਾਲਣਾ ਹੀ ਥਾਇਂ ਪੈਂਦੀ ਹੈ ਜੋ ਉਸ ਨੂੰ ਭਾਅ ਜਾਣ, ਚਾਹੀਦੇ ਹੋਣ - 'ਤੁਧੁ ਨੋ ਸਭ ਧਿਆਇਦੀ **ਸੇ ਥਾਇ ਪਏ ਜੋ ਸਾਹਿਬ ਲੋੜੇ॥**' ਪਾਤਸ਼ਾਹ ਦੇ ਵਾਕ ਹਨ ਕਿ ਮੈਂ, ਸਿਖੀ ਨੂੰ, ਸਚ ਕਮਾਉਣ ਦੀ ਧਰਮਸਾਲ ਬਣਾਇਆ ਹੈ, ਇਸ ਵਿਚ ਚੁਣ ਚੁਣ ਕੇ, ਲਭ ਲਭ ਕੇ ਹੀ, ਸਿਖਾਂ ਨੂੰ ਸ਼ਾਮਲ ਕੀਤਾ ਜਾਂਦਾ ਹੈ, ਹਰ ਇਕ ਨੂੰ ਨਹੀਂ - 'ਮੈ ਬਧੀ ਸਚੁ ਧਰਮਸਾਲ ਹੈ **ਗੁਰਸਿਖਾ ਲਹਦਾ ਭਾਲਿ ਕੈ॥**', ਪੰਨਾ ੭੩, ਭਾਵ, ਗੁਰੂ ਦੀ ਸਿਖੀ ਬਖ਼ਸ਼ਿਸ਼ ਨਾਲ ਪ੍ਰਾਪਤ ਹੁੰਦੀ ਹੈ, ਜੋ ਉਸ ਪ੍ਰਭੂ ਨੂੰ ਭਾਅ ਜਾਏ। ਹਰ ਇਕ ਨੂੰ ਗੁਰੂ ਦੀ ਸੰਗਤਿ ਪ੍ਰਾਪਤ ਨਹੀਂ ਹੁੰਦੀ।

**ਨਾਨਕ ਪ੍ਰਭ ਸਰਣਾਗਤੀ ਜਾ ਕਾ ਵਡ ਪਰਤਾਪੁ॥੨॥**

-- ਪੰਜਵੇਂ ਨਾਨਕ ਫ਼ੁਰਮਾਣ ਕਰਦੇ ਹਨ ਕਿ ਉਸ ਪ੍ਰਭੂ ਦੀ ਸ਼ਰਣ ਲੈਣੀ ਚਾਹੀਦੀ ਹੈ ਜਿਸ ਦਾ ਪ੍ਰਭਾਉ ਪ੍ਰਤਾਪ ਬੜਾ ਵਡਾ ਹੈ।੨।

ਮਹਾਰਾਜ ਨੇ ਉਪਦੇਸ਼ ਕੀਤਾ ਹੈ ਕਿ ਉਸ ਪ੍ਰਭੂ ਦੀ ਸ਼ਰਣ ਪਈਏ ਜੋ ਸਾਰੇ ਜੀਵਾਂ ਦਾ ਆਧਾਰ ਹੈ - 'ਨਾਨਕ ਤਿਸੁ ਸਰਣਾਗਤੀ ਜਿ ਸਗਲ ਘਟਾ ਆਧਾਰੁ॥', ਪੰਨਾ ੪੯. ਆਪ ਜੀ ਦਾ ਹੋਰ ਫ਼ੁਰਮਾਣ ਹੈ ਕਿ ਜਿਸਦੇ ਸਿਮਰਣ ਨਾਲ ਮਨ ਦੀ ਤਪਸ਼, ਸ਼ੀਤਲ ਹੋ ਜਾਂਦੀ ਹੈ, ਅੰਤਕਾਲ ਨੂੰ ਜਮਾਂ ਤੋਂ ਰਖ ਲੈਂਦਾ ਹੈ, ਉਸੇ ਦੀ ਸ਼ਰਣ ਲੈਣੀ ਚਾਹੀਦੀ ਹੈ ਜਿਸ ਦਾ ਇਤਨਾ ਵਡਾ ਪਰਤਾਪ ਹੈ - 'ਜਲਨਿ ਬੁਝੀ ਸੀਤਲ ਭਏ ਰਾਖੇ ਪ੍ਰਭਿ ਆਪ॥ ਨਾਨਕ ਪ੍ਰਭ ਸਰਣਾਗਤੀ ਜਾ ਕਾ ਵਡ ਪਰਤਾਪ॥', ਪੰਨਾ ੮੧੯. ਜਿਸ ਦੇ ਚਰਣਾਂ ਦੀ ਸ਼ਰਣ ਵਿਚ ਆ ਕੇ, ਪ੍ਰਭੂ ਦੇ ਗੁਣਗਾਨ ਕਰ ਕੇ ਅਨੰਦ, ਮੰਗਲ ਦੀ ਪ੍ਰਾਪਤੀ ਹੁੰਦੀ ਹੈ, ਉਸ ਦੇ ਉਪਦੇਸ਼ ਮੁਤਾਬਕ ਪ੍ਰਭੂ ਦਾ ਸਿਮਰਣ ਕਰਨਾ ਚਾਹੀਦਾ ਹੈ, ਜੋ ਸਾਡੀ ਬਿਪਤਾ ਨੂੰ ਹਰ ਲੈਂਦਾ ਹੈ - 'ਚਰਨ ਕਮਲ ਸਰਣਾਗਤੀ ਅਨਦ ਮੰਗਲ ਗੁਣ ਗਾਮ॥ ਨਾਨਕ ਪ੍ਰਭੁ ਆਰਾਧੀਐ ਬਿਪਤਿ ਨਿਵਾਰਣ ਰਾਮ॥', ਅੰਕ ੯੨੬.

